# ਪੰਜਾਬ ਸਰਕਾਰ ਗਜ਼ਟ

## ਆਸਾਧਾਰਣ

### ਅਥਾਰਟੀ ਦੁਆਰਾ ਪ੍ਰਕਾਸ਼ਿਤ

ਚੰਡੀਗੜ੍ਹ, ਮੰਗਲਵਾਰ, ਜੂਨ 20, 2023

(ਜੇਠ 30, 1945 ਸਾਕਾ)

ਪੰਜਾਬ ਵਿਧਾਨ ਸਭਾ ਸਕੱਤਰੇਤ

ਅਧਿਸੂਚਨਾ

20 ਜੂਨ, 2023

ਨੰ. 10-ਪੀ.ਐਲ. ਏ-2023/35:- ਪੰਜਾਬ ਪੁਲਿਸ (ਸੋਧ) ਬਿੱਲ, 2023 ਪੰਜਾਬ ਵਿਧਾਨ ਸਭਾ ਵਿਚ ਕਾਰਜਪ੍ਰਣਾਲੀ ਅਤੇ ਕਾਰਵਿਹਾਰ ਦੇ ਨਿਯਮਾਂ ਦੇ ਨਿਯਮ 121 ਦੇ ਤਹਿਤ ਆਮ ਜਾਣਕਾਰੀ ਲਈ ਪ੍ਰਕਾਸ਼ਿਤ ਕੀਤਾ ਜਾਂਦਾ ਹੈ:-

ਬਿਲ ਨੰ. 10-ਪੀ.ਐਲ.ਏ.-2023

ਪੰਜਾਬ ਪੁਲਿਸ ਸੋਧ ਬਿਲ, 2023

ਇੱਕ

ਬਿਲ

ਡਾਇਰੈਕਟਰ ਜਨਰਲ ਆਫ ਪੁਲਿਸ (ਪੁਲਿਸ ਬਲ ਦੇ ਮੁੱਖੀ) ਦੇ ਅਹੁਦੇ ਲਈ ਯੋਗ ਵਿਅਕਤੀਆਂ ਦੀ ਚੋਣ ਅਤੇ ਨਿਯੁਕਤੀ ਲਈ ਇੱਕ ਸੁਤੰਤਰ ਵਿਧੀ ਲਿਆਉਣ ਦੇ ਉਦੇਸ਼ ਨਾਲ ਪੰਜਾਬ ਪੁਲਿਸ ਐਕਟ 2007 ਵਿੱਚ ਸੋਧ ਕਰਨ ਲਈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਕਤ ਚੋਣ, ਨਿਯੁਕਤੀ ਅਤੇ ਅਹੁਦੇ ਦੀ ਨਤੀਜਾ ਮਿਆਦ ਸਿਆਸੀ ਜਾਂ ਕਾਰਜਕਾਰੀ ਦਖਲਅੰਦਾਜ਼ੀ ਤੋਂ ਮੁਕਤ ਹੋਵੇ ਅਤੇ ਪੰਜਾਬ ਰਾਜ ਦੀਆਂ ਵਿਲੱਖਣ ਸਥਿਤੀਆਂ ਅਤੇ ਪੁਲਿਸਿੰਗ ਦੀਆਂ ਲੋੜਾਂ ਦੇ ਅਨੁਕੂਲ ਹੋਵੇ ਜਦਕਿ 'ਜਨਤਕ ਵਿਵਸਥਾ' ਅਤੇ 'ਪੁਲਿਸ' ਭਾਰਤ ਦੇ ਸਵਿਧਾਨ ਦੀ ਸੱਤਵੀਂ ਅਨੁਸੂਚੀ ਵਿੱਚ ਰਾਜ ਸੂਚੀ ਅਧੀਨ ਦਰਜ ਹਨ ਅਤੇ ਇਸ ਤਰ੍ਹਾਂ, ਇਹ ਮਾਮਲੇ ਰਾਜ ਸਰਕਾਰ ਦੇ ਨਿਵੇਕਲੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ।

ਜਦੋਂ ਕਿ ਸੰਵਿਧਾਨਿਕ ਢਾਂਚਾ ਇਕ 'ਸੰਘੀ ਢਾਂਚੇ' ਦੀ ਕਲਪਨਾ ਕਰਦਾ ਹੈ, ਜਿਸ ਵਿਚ ਰਾਜਾਂ ਨੂੰ ਆਪਣੀ ਵਿਧਾਨ ਸਭਾ ਦੁਆਰਾ, 'ਜਨਤਕ ਵਿਵਸਥਾ' ਅਤੇ 'ਪੁਲਿਸ' ਸਬੰਧੀ ਕਾਨੂੰਨ ਬਣਾਉਣ ਲਈ ਵਿਸ਼ੇਸ਼ ਤੌਰ ਤੇ ਅਧਿਕਾਰਤ ਕੀਤਾ ਗਿਆ ਹੈ।

ਜਦੋਂ ਕਿ ਪੰਜਾਬ ਰਾਜ ਵਲੋਂ ਉਪਰੋਕਤ ਸਵਿਧਾਨਿਕ ਆਦੇਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਪੁਲਿਸ ਐਕਟ 2007 (2008 ਦਾ ਪੰਜਾਬ ਐਕਟ ਨੰ. 10) ਬਣਾਇਆ ਗਿਆ ਹੈ ਅਤੇ ਇਹ ਲਾਜ਼ਮੀ ਹੈ ਕਿ ਪੁਲਿਸ ਦੇ ਡਾਇਰੈਕਟਰ ਜਨਰਲ (ਪੁਲਿਸ ਬਲ ਦੇ ਮੁੱਖੀ ) ਦੇ ਅਹੁਦੇ ਲਈ ਯੋਗ ਵਿਅਕਤੀਆਂ ਦੀ ਚੋਣ ਅਤੇ ਨਿਯੁਕਤੀ ਲਈ ਇਕ ਮਜ਼ਬੂਤ ਵਿਧੀ ਪ੍ਰਦਾਨ ਕਰਨ ਲਈ ਇਸ ਵਿਚ ਢੁਕਵੇਂ ਉਪਬੰਧ ਕੀਤੇ ਜਾਣ;

ਅਤੇ ਜਦੋਂ ਕਿ ਇਹ ਪੰਜਾਬ ਸਰਕਾਰ ਦੀ ਜ਼ਿਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਏ ਕਿ ਉਕਤ ਤੰਤਰ ਪੰਜਾਬ ਰਾਜ ਨੂੰ ਸਰਹਦੀ ਰਾਜ ਹੋਣ ਕਾਰਨ ਦਰਪੇਸ਼ ਚੁਣੌਤੀਆਂ ਨੂੰ ਧਿਆਨ ਵਿਚ ਰੱਖੇ।

ਭਾਰਤ ਗਣਰਾਜ ਦੇ ਚੁਹੱਤਰਵੇਂ ਵਰ੍ਹੇ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਇਹ ਐਕਟ ਹੇਠ ਲਿਖੇ ਅਨੁਸਾਰ ਬਣਾਇਆ ਗਿਆ ਹੈ:-

ਸੰਖੇਪ ਸਿਰਲੇਖ ਅਤੇ ਆਰੰਭ 1. 1. ਇਸ ਐਕਟ ਨੂੰ ਪੰਜਾਬ ਪੁਲਿਸ ਨੂੰ (ਸੋਧ) ਐਕਟ, 2023 ਕਿਹਾ ਜਾ ਸਕੇਗਾ।

2. ਇਹ ਸਰਕਾਰੀ ਗਜ਼ਟ ਵਿਚ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ ਪ੍ਰਭਾਵੀ ਤੌਰ ਤੇ ਲਾਗੂ ਹੋਵੇਗਾ।

2008 ਦੇ ਪੰਜਾਬ ਐਕਟ ਨੰ. 10 ਦੀ ਧਾਰਾ 6 ਦਾ ਬਦਲ 2. ਪੰਜਾਬ ਪੁਲਿਸ ਐਕਟ, 2007, ਦੀ ਧਾਰਾ 6, ਵਿਚ ਹੇਠ ਲਿਖੀ ਧਾਰਾ ਨੂੰ ਬਦਲਿਆ ਜਾਵੇਗਾ, ਅਰਥਾਤ:-

ਪੁਲਿਸ ਦੇ ਡਾਇਰੈਕਟਰ ਜਨਰਲ (ਪੁਲਿਸ ਬਲ ਦੇ ਮੁੱਖੀ) ਦੇ ਅਹੁਦੇ ਦੀ ਚੋਣ ਅਤੇ ਮਿਆਦ

"6 (1) ਪੁਲਿਸ ਦੇ ਡਾਇਰੈਕਟਰ ਜਨਰਲ (ਪੁਲਿਸ ਬਲ ਦੇ ਮੁੱਖੀ), ਦੀ ਚੋਣ ਲਈ ਹੇਠ ਲਿਖੀ ਪ੍ਰਕਿਰਿਆ ਅਪਣਾਈ ਜਾਵੇਗੀ ਅਰਥਾਤ:-

(ੳ) ਵਿਚਾਰ ਦਾ ਖੇਤਰ:- ਪੰਜਾਬ ਕਾਡਰ ਨਾਲ ਸਬੰਧਤ ਭਾਰਤੀ ਪੁਲਿਸ ਸੇਵਾ ਅਧਿਕਾਰੀ,-

(i) ਜਿਨ੍ਹਾਂ ਨੂੰ ਪੰਜਾਬ ਰਾਜ ਵਿੱਚ ਪੁਲਿਸ ਦੇ ਡਾਇਰੈਕਟਰ ਜਨਰਲ ਦੇ ਅਹੁਦੇ 'ਤੇ ਤਰੱਕੀ ਦਿੱਤੀ ਗਈ ਹੈ ਅਤੇ ਜਿਨ੍ਹਾਂ ਨੇ ਅਸਾਮੀ ਖਾਲੀ ਹੋਣ ਦੀ ਮਿਤੀ ਤੱਕ ਘੱਟੋ-ਘੱਟ ਤੀਹ ਸਾਲ ਦੀ ਸੇਵਾ ਪੂਰੀ ਕੀਤੀ ਹੈ;

ਅਤੇ

(ii) ਜਿਨ੍ਹਾਂ ਦਾ ਅਸਾਮੀ ਖਾਲੀ ਹੋਣ ਦੀ ਮਿਤੀ ਨੂੰ ਘੱਟੋ-ਘੱਟ ਛੇ ਮਹੀਨਿਆਂ ਦਾ ਕਾਰਜਕਾਲ ਬਾਕੀ ਹੈ, ਉਹ ਵਿਚਾਰੇ ਜਾਣ ਦੇ ਯੋਗ ਹੋਣਗੇ।

(ਅ) ਇੰਮਪੈਨਲਮੈਂਟ ਕਮੇਟੀ ਦੀ ਰਚਨਾ- ਰਾਜ ਸਰਕਾਰ ਵੱਲੋਂ ਹੇਠ ਲਿਖੇ ਅਨੁਸਾਰ ਇੰਮਪੈਨਲਮੈਂਟ ਕਮੇਟੀ ਦਾ ਗਠਨ ਕੀਤਾ ਜਾਵੇਗਾ, ਅਰਥਾਤ:-

| | | |
|---|---|---|
| (i) | ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਇਕ ਸੇਵਾ-ਮੁਕਤ ਮੁੱਖ ਜੱਜ ਜਾਂ ਸੇਵਾ ਮੁਕਤ ਜੱਜ; | : ਚੇਅਰਮੈਨ |
| (ii) | ਮੁੱਖ ਸਕੱਤਰ ਪੰਜਾਬ ਸਰਕਾਰ; | : ਮੈਂਬਰ |
| (iii) | ਕੇਂਦਰੀ ਲੋਕ ਸੇਵਾ ਆਯੋਗ ਦਾ ਨੁਮਾਇੰਦਾ; | : ਮੈਂਬਰ |
| (iv) | ਪੰਜਾਬ ਲੋਕ ਸੇਵਾ ਆਯੋਗ ਦਾ ਚੇਅਰਮੈਨ ਜਾਂ ਨੁਮਾਇੰਦਾ; | : ਮੈਂਬਰ |
| (v) | ਪ੍ਰਬੰਧੀ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਪੰਜਾਬ; | : ਮੈਂਬਰ-ਕਮ- ਕਨਵੀਨਰ |
| (vi) | ਗ੍ਰਹਿ ਮੰਤਰਾਲਾ, ਭਾਰਤ ਸਰਕਾਰ ਦਾ ਨੁਮਾਇੰਦਾ; ਅਤੇ | : ਮੈਂਬਰ |
| (vii) | ਸੇਵਾ ਮੁਕਤ ਡਾਇਰੈਕਟਰ ਜਨਰਲ ਆਫ ਪੁਲਿਸ ਜਿਸ ਵਲੋਂ ਪੰਜਾਬ ਰਾਜ ਵਿੱਚ ਪੁਲਿਸ ਬਲ ਦੇ ਮੁੱਖੀ ਵੱਜੋਂ ਸੇਵਾ ਨਿਭਾਈ ਗਈ ਹੈ। | : ਮੈਂਬਰ |

(ੲ) ਪੈਨਲ ਦਾ ਆਕਾਰ ਅਤੇ ਪੈਨਲ ਤਿਆਰ ਕਰਨ ਲਈ ਚੋਣ ਮਾਪਦੰਡ– ਇੰਮਪੈਨਲਮੈਂਟ ਕਮੇਟੀ ਵੱਲੋਂ ਹੇਠ ਲਿਖੇ ਚੋਣ ਮਾਪਦੰਡਾਂ ਦੇ ਆਧਾਰ ਤੇ ਯੋਗ ਅਧਿਕਾਰੀਆਂ ਦੇ ਪੂਲ ਵਿਚੋਂ ਤਿੰਨ ਸਭ ਤੋਂ ਸੀਨੀਅਰ ਅਧਿਕਾਰੀਆਂ ਦਾ ਪੈਨਲ ਤਿਆਰ ਕੀਤਾ ਜਾਵੇਗਾ, ਅਰਥਾਤ:-

(i)ਇਹ ਚੋਣ ਉਨ੍ਹਾਂ ਦੇ ਸੇਵਾ ਤਜਰਬੇ, ਬਹੁਤ ਚੰਗਾ ਰਿਕਾਰਡ ਅਤੇ ਪੁਲਿਸ ਬਲ ਦੀ ਅਗਵਾਈ ਕਰਨ ਦੇ ਤਜ਼ਰਬੇ ਦੇ ਆਧਾਰ ਤੇ ਹੋਵੇਗੀ; ਅਤੇ

(ii)ਇਹ ਚੋਣ, ਯੋਗ ਅਧਿਕਾਰੀਆਂ ਦੇ ਪੂਲ ਵਿਚੋਂ, ਯੋਗਤਾ ਦੇ ਆਧਾਰ ਤੇ ਵਿਚਾਰਖੇਤਰ ਅਨੁਸਾਰ ਕੀਤੀ ਜਾਵੇਗੀ।

(ਸ) ਡਾਇਰੈਕਟਰ ਜਨਰਲ ਆਫ ਪੁਲਿਸ (ਪੁਲਿਸ ਬਲ ਦੇ ਮੁਖੀ) ਦੀ ਨਿਯੁਕਤੀ– ਰਾਜ ਸਰਕਾਰ ਵੱਲੋਂ ਇੰਮਪੈਨਲਮੈਂਟ ਕਮੇਟੀ ਦੀ ਸਿਫਾਰਿਸ਼ ਅਨੁਸਾਰ ਤਿੰਨ ਅਧਿਕਾਰੀਆਂ ਦੇ ਪੈਨਲ ਵਿਚੋਂ ਡਾਇਰੈਕਟਰ ਜਨਰਲ ਆਫ ਪੁਲਿਸ (ਪੁਲਿਸ ਬਲ ਦੇ ਮੁੱਖੀ) ਦੀ ਨਿਯੁਕਤੀ ਕੀਤੀ ਜਾਵੇਗੀ।

(2) ਨਿਯੁਕਤ ਕੀਤੇ ਗਏ ਡਾਇਰੈਕਟਰ ਜਨਰਲ ਆਫ ਪੁਲਿਸ (ਪੁਲਿਸ ਬਲ ਦੇ ਮੁੱਖੀ) ਦਾ ਕਾਰਜਕਾਲ ਘੱਟੋ–ਘੱਟ ਦੋ ਸਾਲ ਦਾ ਹੋਵੇਗਾ, ਭਾਵੇਂ ਉਸਦੀ ਸੇਵਾ–ਨਿਵਿਰਤੀ ਦੀ ਮਿਤੀ ਕੋਈ ਵੀ ਹੋਵੇ:

ਬਸ਼ਰਤੇ ਕਿ ਰਾਜ ਸਰਕਾਰ ਵੱਲੋਂ ਦੋ ਸਾਲ ਦੀ ਮਿਆਦ ਪੂਰੀ ਹੋਣ ਤੋਂ ਪਹਿਲਾਂ, ਇਸ ਤਰ੍ਹਾਂ ਨਿਯੁਕਤ ਕੀਤੇ ਗਏ ਡਾਇਰੈਕਟਰ ਜਨਰਲ ਆਫ ਪੁਲਿਸ (ਪੁਲਿਸ ਬਲ ਦੇ ਮੁੱਖੀ) ਨੂੰ, ਹੇਠ ਦਰਸਾਈ ਸੂਰਤ ਵਿਚ, ਉਸ ਦੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕੀਤਾ ਜਾ ਸਕਦਾ ਹੈ,-

(i) ਸਰਵ ਭਾਰਤੀ ਸੇਵਾਵਾਂ (ਆਚਰਣ ਅਤੇ ਅਪੀਲ) ਨਿਯਮਾਂਵਲੀ, 1969 ਅਧੀਨ ਉਸ ਵਿਰੁੱਧ ਕੋਈ ਕਾਰਵਾਈ ਆਰੰਭੀ ਗਈ ਹੋਵੇ; ਜਾਂ

(ii) ਉਸ ਨੂੰ ਕਿਸੇ ਅਪਰਾਧਿਕ ਕੇਸ ਵਿਚ ਅਦਾਲਤ ਵੱਲੋਂ ਦੋਸ਼ੀ ਠਹਿਰਾਇਆ ਗਿਆ ਹੋਵੇ ਜਾਂ ਉਸ ਵਿਰੁੱਧ ਭ੍ਰਿਸ਼ਟਾਚਾਰ ਨਾਲ ਜੁੜੇ ਕੇਸ ਵਿਚ ਅਦਾਲਤ ਵੱਲੋਂ ਦੋਸ਼ ਲਗਾਏ ਗਏ ਹੋਣ; ਜਾਂ

(iii) ਸ਼ਰੀਰਿਕ ਜਾਂ ਮਾਨਸਿਕ ਬਿਮਾਰੀ ਕਾਰਨ ਅਸਮਰੱਥਾ ਜਾਂ ਡਾਇਰੈਕਟਰ ਜਨਰਲ ਆਫ ਪੁਲਿਸ (ਪੁਲਿਸ ਬਲ ਦੇ ਮੁਖੀ) ਵਜੋਂ ਆਪਣੇ ਕਾਰਜਾਂ ਨੂੰ ਪੂਰਾ ਕਰਨ ਵਿਚ ਅਸਮਰੱਥ ਹੋਣਾ।

(3) ਜਦੋਂ ਉਪ–ਧਾਰਾ (2) ਦੇ ਪ੍ਰਾਵਧਾਨ ਅਧੀਨ ਡਾਇਰੈਕਟਰ ਜਨਰਲ ਆਫ ਪੁਲਿਸ (ਪੁਲਿਸ ਬਲ ਦੇ ਮੁੱਖੀ) ਨੂੰ ਆਪਣੀਆਂ ਜਿੰਮੇਵਾਰੀਆਂ ਤੋਂ ਮੁਕਤ ਕਰ ਦਿੱਤਾ ਜਾਂਦਾ ਹੈ ਅਤੇ ਜਦੋਂ ਤੱਕ ਰਾਜ ਸਰਕਾਰ ਉਪ–ਧਾਰਾ (1) ਦੇ ਅਨੁਸਾਰ ਇੱਕ ਨਵੇਂ ਡਾਇਰੈਕਟਰ ਜਨਰਲ ਆਫ ਪੁਲਿਸ (ਪੁਲਿਸ ਬਲ ਦੇ ਮੁੱਖੀ) ਦੀ ਨਿਯੁਕਤੀ ਨਹੀਂ ਕਰਦੀ, ਅਜਿਹੀ ਸਥਿਤੀ ਵਿਚ ਰਾਜ ਸਰਕਾਰ ਡਾਇਰੈਕਟਰ ਜਨਰਲ ਰੈਂਕ ਦੇ ਕਿਸੇ ਵੀ ਅਧਿਕਾਰੀ ਨੂੰ ਡਾਇਰੈਕਟਰ ਜਨਰਲ ਆਫ ਪੁਲਿਸ (ਪੁਲਿਸ ਬਲ ਦੇ ਮੁੱਖੀ) ਦੇ ਆਹੁਦੇ ਦਾ ਵਾਧੂ ਚਾਰਜ ਦੇ ਸਕਦੀ ਹੈ।

(4) ਇਸ ਧਾਰਾ ਦੇ ਉਪਬੰਧ ਕਿਸੇ ਵੀ ਅਦਾਲਤ ਦੇ ਕਿਸੇ ਵੀ ਫੈਸਲੇ, ਆਦੇਸ਼ ਜਾਂ ਫਰਮਾਨ ਦੇ ਬਾਵਜੂਦ ਲਾਗੂ ਹੋਣਗੇ। "।

## ਉਦੇਸ਼ ਅਤੇ ਕਾਰਣਾਂ ਦਾ ਕਥਨ

'ਜਨਤਕ ਵਿਵਸਥਾ' ਅਤੇ 'ਪੁਲਿਸ' ਭਾਰਤ ਦੇ ਸੰਵਿਧਾਨ, 1950; ਦੀ ਸੱਤਵੀਂ ਅਨੁਸੂਚੀ ਵਿਚ 'ਰਾਜ ਸੂਚੀ' ਅਧੀਨ ਦਰਜ ਹਨ ਅਤੇ ਇਸ ਤਰ੍ਹਾਂ, ਇਹ ਮਾਮਲੇ ਰਾਜਾਂ ਦੇ ਨਿਵੇਕਲੇ ਅਧਿਕਾਰ ਖੇਤਰ ਵਿਚ ਆਉਂਦੇ ਹਨ।

ਸੰਵਿਧਾਨਕ ਢਾਂਚਾ ਇਕ 'ਸੰਘੀ ਢਾਂਚੇ' ਦੀ ਕਲਪਨਾ ਕਰਦਾ ਹੈ- ਜਿਸ ਵਿਚ ਰਾਜਾਂ ਨੂੰ ਆਪਣੀ ਵਿਧਾਨ ਮੰਡਲ ਦੁਆਰਾ 'ਜਨਤਕ ਵਿਵਸਥਾ' ਅਤੇ 'ਪੁਲਿਸ' ਨਾਲ ਸਬੰਧਤ ਕਾਨੂੰਨ ਬਣਾਉਣ ਲਈ, ਵਿਸ਼ੇਸ਼ ਤੌਰ ਤੇ ਸ਼ਕਤੀ ਦਿੱਤੀ ਜਾਂਦੀ ਹੈ।

ਡਾਇਰੈਕਟਰ ਜਨਰਲ ਆਫ ਪੁਲਿਸ (ਪੁਲਿਸ ਬਲ ਦੇ ਮੁੱਖੀ) ਦੀ ਚੋਣ/ਨਿਯੁਕਤੀ ਅਤੇ ਹਟਾਉਣ ਲਈ ਇੱਕ ਢੁਕਵੀਂ ਵਿਧੀ ਸਥਾਪਤ ਕਰਨ ਦੀ ਲੋੜ ਹੈ ਜੋ ਪੰਜਾਬ ਰਾਜ ਦੇ ਸਰਹੱਦੀ ਰਾਜ ਹੋਣ ਵਜੋਂ ਦਰਪੇਸ਼ ਵਿਲੱਖਣ ਚੁਣੌਤੀਆਂ ਨੂੰ ਧਿਆਨ ਵਿਚ ਰੱਖਦੀ ਹੋਵੇ। ਇਸ ਉਦੇਸ਼ ਦੀ ਪ੍ਰਾਪਤੀ ਲਈ ਪੰਜਾਬ ਪੁਲਿਸ ਐਕਟ, 2007 ਦੀ ਧਾਰਾ 6 ਵਿਚ ਸੋਧ ਕਰਨ ਦੀ ਤਜਵੀਜ਼ ਹੈ।

(ਭਗਵੰਤ ਮਾਨ)
ਮੁੱਖ ਮੰਤਰੀ, ਪੰਜਾਬ

ਚੰਡੀਗੜ੍ਹ:
20 ਜੂਨ, 2023

ਰਾਮ ਲੋਕ ਖਾਟਾਣਾ
ਸਕੱਤਰ

ਸਹਾਇਕ ਡਾਇਰੈਕਟਰ, (ਹਿੰਦੀ/ਪੰਜਾਬ
ਭਾਸ਼ਾ ਵਿਭਾਗ, ਪੰਜਾਬ ਚੰਡੀਗੜ੍ਹ